Surrey Schools
LEADERSHIP IN LEARNING

Tel: 604.596.7733
www.surreyschools.ca

# ਇੰਟਰਨੈਟ ਦੀ ਸੁਰਖਿਅਕ ਵਰਤੋਂ

Internet Safety

## ਇੰਟਰਨੈਟ ਦੀ ਵਰਤੋਂ ਲਈ ਕੀ ਪਰੇਸ਼ਾਨੀਆਂ ਹਨ?

ਸਰ੍ਹੀ ਸਕੂਲ ਡਿਸਟਰਿਕਟ ਦਾ ਇਹ ਵਿਚਾਰ ਹੈ ਕਿ ਅੱਜ ਦੇ ਯੁੱਗ ਵਿੱਚ ਕੰਮਾਕਾਰਾਂ ਅਤੇ ਵਿਦਿਆ ਲਈ ਟੈਕਨੋਲੋਜੀ ਦੀ ਵਰਤੋਂ ਅਤੇ ਪਹੁੰਚ ਦਾ ਬਹੁਤ ਗਹਿਰਾ ਰੋਲ ਹੈ । ਕਾਫੀ ਧਿਆਨ ਰੱਖਣ ਦੇ ਬਾਵਜੁਦ ਵੀ ਇੰਟਰਨੈਟ ਦੀ ਅਕਸਰ ਗਲਤ ਵਰਤੋਂ ਹੁੰਦੀ ਹੈ ।

ਇਸ ਵਸੀਲੇ ਰਾਂਹੀਂ ਅਢੁੱਕਵੀਂ ਜਾਣਕਾਰੀ ਕਿਸੇ ਨੂੰ ਭੇਜਣੀ ਜਾਂ ਕਿਸੇ ਤੋਂ ਪ੍ਰਾਪਿਤ ਕਰਨੀ (ਜਿਵੇਂ ਗੰਦੀਆਂ ਤਸਵੀਰਾਂ, ਲਿੰਗ ਦੇ ਭੇਦ ਬਾਰੇ, ਕਿਸੇ ਦੀ ਬਦਨਾਮੀ ਬਾਰੇ, ਜਾਤ ਪਾਤ ਸਬੰਧੀ) ਜਾਂ ਹੋਰਾਂ ਨਾਲ ਚੈਟ ਰੂਮਾਂ ਵਿੱਚ ਜਾ ਕਿ ਸਬੰਧ ਜੋੜਨੇ ਅਕਸਰ ਹੁੰਦੇ ਹਨ ।

ਤੁਹਡੇ ਬੱਚੇ ਦੀਆਂ ਓਂਗਲੀਆਂ ਓਪਰ ਇੰਟਰਨੈਟ ਦੁਆਰਾ ਕਾਫੀ ਢੂੰਘੀ ਜਾਣਕਾਰੀ ਅਤੇ ਵੱਖ ਵੱਖ ਥਾਵਾਂ ਓਪਰ ਜਾਣਾ ਸੰਭਵ ਹੈ । ਇਸ ਵਸੀਲੇ ਰਾਂਹੀਂ ਓਪਰੇ ਵਿਅਕਤੀਆਂ ਦਾ ਬੱਚਿਆਂ ਦੇ ਨਾਲ ਸਬੰਧ ਜੋੜਨਾ ਜਦੋਂ ਓਨ੍ਹਾਂ ਵਿਅਕਤੀਆਂ ਦਾ ਜ਼ਜ਼ਬਾ ਦਰੁਸਤਨ ਨਾਂ ਹੋਵੇ ਇੱਕ ਫਿਕਰ ਭਰਪੂਰ ਸਿਲਸਿਲਾ ਬਣ ਜਾਂਦਾ ਹੈ ਖਾਸ ਕਰਕੇ ਜਦੋਂ ਇਹ ਕਿਸੇ ਚੈਟ ਰੂਮ ਦੁਆਰਾ ਜਾਰੀ ਰਹੇ ।

## ਇਸ ਤਰ੍ਹਾਂ ਦੀ ਟੈਕਨੋਲੋਜੀ ਅਧਾਰਿਤ ਗਲਤ ਵਰਤੋਂ ਬਾਰੇ ਸਰ੍ਹੀ ਸਕੂਲ ਡਿਸਟਰਿਕਟ ਕੀ ਕਰ ਰਹੀ ਹੈ ?

ਸਾਰੇ ਸਕੂਲਾਂ ਵਿੱਚ ਇੰਟਰਨੈਟ ਦੀ ਸਥਾਪਨਾ ਗੌਰਮਿੰਟ ਦੀ ਇੱਕ ਸ਼ਾਖਾ ਹੈ ਜੋ ਪੀ ਐਲ ਨੈਟ ਨਾਂ ਨਾਲ ਜਾਣਿਆਂ ਜਾਂਦਾ ਹੈ, ਨੇ ਕੀਤੀ ਹੈ । ਇਸ ਸ਼ਾਖਾ ਅਧੀਨ ਇਸ ਵਸੀਲੇ ਰਾਂਹੀਂ ਗਲਤ ਥਾਂਵਾਂ ਓਪਰ ਸੀਮਿਤ ਜਾਣਾ ਜਾਂ ਓਨਾਂ ਥਾਵਾਂ ਓਪਰ ਜਾਣ ਤੋਂ ਰੋਕ ਥਾਮ ਲਗਾਣ ਦਾ ਬੰਦੋਬਾਸਤ ਹੈ ।

## ਸਕੂਲ ਡਿਸਟਰਿਕਟ ਦੀਆਂ ਜ਼ਿੰਮੇਵਾਰੀਆਂ:

- ਬੱਚਿਆਂ ਦੀ ਓਮਰ ਮੁਤਾਬਿਕ ਇੰਟਰਨੈਟ ਬਾਰੇ ਠੀਕ ਅਤੇ ਜ਼ਿੰਮੇਵਾਰ ਸਿਖਿਆ ਦੇਣੀ
- ਹਰ ਕੋਸ਼ਿਸ਼ ਕਰਨੀ ਕਿ ਬੱਚੇ ਇੰਟਰਨੈਟ ਦਾ ਸਹੀ ਪ੍ਰਯੋਗ ਕਰਨ
- ਗਲਤ ਇਸ਼ਤੇਮਾਲ ਕਰਨ ਵਾਲਿਆਂ ਦੀ ਜਾਂਚ ਪੜਤਾਲ ਕਰਨੀ ਅਤੇ ਢੁਕਵੀਂ ਸਜ਼ਾ ਦੇਣੀ

## ਬੱਚਿਆਂ ਦੀਆਂ ਜ਼ਿੰਮੇਵਾਰੀਆਂ:

- ਸਕੂਲ ਡਿਸਟਰਿਕਟ ਵਲੋਂ ਅਤੇ ਮਾਪਿਆਂ ਵਲੋਂ ਸਥਾਪਿਤ ਕੀਤੀਆਂ ਹੱਦਾ ਦੇ ਅਧੀਨ ਰਹਿ ਕਿ ਇੰਟਰਨੈਟ ਦੀ ਵਰਤੋਂ ਕਰਨੀ
- ਟੈਕਨੋਲੋਜੀ ਅਤੇ ਇੰਟਰਨੈਟ ਦੀ ਵਰਤੋਂ ਲਈ ਸਹੀ ਫੈਸਲੇ ਲੈਣੇ

## ਮਾਪਿਆਂ ਦੀਆਂ ਜ਼ਿੰਮੇਵਾਰੀਆਂ:

- ਆਪਣੇ ਬੱਚੇ ਨੂੰ ਇਹ ਸਿਖਿਆ ਦਿਓ ਕਿ ਆਪਣੇ ਜਾਂ ਘਰ ਬਾਰੇ ਕਿਸੇ ਵੀ ਓਪਰੇ ਵਿਅਕਤੀ ਨੂੰ ਜਾਣਕਾਰੀ ਨਹੀਂ ਦੇਣੀ ਜਿਵੇਂ ਘਰ ਦਾ ਪਤਾ, ਫੋਨ ਨੰਬਰ ਜਾਂ ਸਕੂਲ ਦਾ ਨਾਂ - ਚੈਟ ਰੂਮ ਜਾਂ ਬੁਲੇਟਿਨ ਬੋਰਡ ਰਾਂਹੀਂ ਕਿਸੇ ਵੀ ਓਪਰੇ ਵਿਅਕਤੀ ਓਪਰ ਯਕੀਨ ਨਾ ਕਰਨਾ ਅਤੇ ਸਿਰਫ ਓਨ੍ਹਾਂ ਵਿਅਕਤੀਆਂ ਨਾਲ ਹੀ ਮੁਲਾਕਾਤ ਕਰਨੀ ਜਿਹਨਾਂ ਨਾਲ ਪ੍ਰੀਵਾਰਿਕ ਸਬੰਧ ਹਨ ਜਾਂ ਤੁਹਾਡਾ ਯਕੀਨ ਹੈ
- ਬੱਚੇ ਨਾਲ ਓਹ ਦਾਇਰੇ ਮੁਕਰਰ ਕਰ ਲਓ ਜੋ ਇੰਟਰਨੈਟ ਦੀ ਵਰਤੋਂ ਲਈ ਠੀਕ ਸਾਬਿਤ ਹੋਣ
- ਇੰਟਰਨੈਟ ਦੀ ਵਰਤੋਂ ਅਧੀਨ ਜੋ ਖਤਰੇ ਹਨ, ਓਹਨਾਂ ਬਾਰੇ ਜਾਣਕਾਰੀ ਰੱਖਣੀ
- ਬੱਚੇ ਨੂੰ ਇਹ ਜ਼ੋਰ ਦੇ ਕਿ ਸਮਝਾਓਣਾ ਕਿ ਇੰਟਰਨੈਟ ਦੀ ਵਰਤੋਂ ਵੇਲੇ ਆਪਣੀ ਸੁਰਖਿਆ ਬਹੁਤ ਜ਼ਰੂਰੀ ਹੈ ਕਿਓਂਕਿ ਓਹ ਲੋਕ ਜੋ ਇਸ ਵਸੀਲੇ ਨੂੰ ਵਰਤ ਰਹੇ ਹਨ, ਸ਼ਾਇਦ ਓਹ ਆਪ ਓਹ ਨਾਂ ਹੋਣ ਜਿਸ ਦਾ ਓਹ ਵਾਹਦਾ ਕਰ ਰਹੇ ਹਨ । ਕਿਓਂਕਿ ਤੁਸੀਂ ਓਹਨਾਂ ਨੂੰ ਦੇਖ ਨਹੀਂ ਸਕਦੇ, ਹੋ ਸਕਦਾ ਹੈ ਜੋ ਇਹ ਕਹਿ ਰਿਹਾ ਹੋਵੇ ਕਿ ਮੈਂ 12 ਸਾਲ ਦਾ ਹਾਂ ਓਹ ਸਹੀ ਰੂਪ ਵਿੱਚ 40 ਸਾਲ ਦਾ ਵਿਅਕਤੀ ਹੋਵੇ ।
- ਜਦੋਂ ਬੱਚੇ ਸਕੂਲ ਦੇ ਵਾਤਾਵਰਣ ਵਿੱਚੋਂ ਬਾਹਰ ਹੋਣ ਤਾਂ ਓਹਨਾਂ ਦੀ ਇੰਟਰਨੈਟ ਦੀ ਵਰਤੋਂ ਦੀ ਨਿਗਰਾਨੀ ਰੱਖੋ
- ਇਹ ਵੀ ਧਿਆਨ ਦੇਣਾ ਕਿ ਬੱਚੇ ਹਰ ਚਲ ਰਹੇ ਕੰਪਿਊਟਰ ਤੋਂ ਇੰਟਰਨੈਟ ਰਾਂਹੀਂ ਹਰ ਕੁੱਝ ਕਰ ਸਕਦੇ ਹਨ ਜਿਵੇਂ ਕਿ ਤੁਹਾਡੇ ਦੋਸਤ ਦਾ ਜਾਂ ਘਰ ਦਾ ਕੰਪਿਊਟਰ

## ਮਾਪਿਆਂ ਲਈ ਸੁਝਾਓ:

- ਘਰ ਵਿੱਚ ਕੰਪਿਊਟਰ ਓਥੇ ਰੱਖੋ ਜਿਥੇ ਕਾਫੀ ਆਵਾਜਾਈ ਹੈ ਨਾਂ ਕਿ ਬੱਚੇ ਦੇ ਆਪਣੇ ਕਮਰੇ ਵਿੱਚ
- ਕੰਪਿਊਟਰ ਦੀ ਵਰਤੋਂ ਲਈ ਮੁਨਾਸਿਬ ਕਨੂੰਨ ਅਤੇ ਦਾਇਰਾ ਸਥਾਪਿਤ ਕਰੋ ਅਤੇ ਇਹਨੂੰ ਕੰਪਿਊਟਰ ਕੋਲ ਰੱਖੋ
- ਜਦੋਂ ਬੱਚੇ ਇੰਟਰਨੈਟ ਵਰਤ ਰਹੇ ਹੋਣ ਤਾਂ ਓਹਨਾਂ ਓਪਰ ਨਿਗਰਾਨੀ ਰੱਖੋ ਅਤੇ ਓਹਨਾਂ ਦੇ ਕੰਮ ਦਾ ਮੁਆਇਨਾ ਕਰੋ
- ਇੰਨਟਰਨੈਟ ਓਪਰ ਜਿਸ ਜਿਸ ਜਗਹ ਤੁਹਾਡੇ ਬੱਚੇ ਗਏ ਹਨ ਜਾਂ ਜਾਂਦੇ ਹਨ ਓਹਨਾਂ ਓਪਰ ਜਾ ਕਿ ਦੇਖੋ ਕਿ ਓਹ ਤੁਹਾਨੂੰ ਮਨਜ਼ੂਰ ਹਨ
- ਆਪਣੇ ਘਰ ਦੇ ਕੰਪਿਊਟਰ ਓਪਰ ਫਿਲਟਰਿੰਗ ਸੌਫਟਵੇਅਰ ਲਵਾ ਲਓ ਜਿਸ ਨਾਲ ਕਈ ਗਲਤ ਜਗਹ ਓਪਰ ਬੱਚੇ ਨਹੀਂ ਜਾ ਸਕਣਗੇ ।

ਹੋਰ ਜਾਣਕਾਰੀ ਲਈ ਤੁਸੀਂ ਇਸ ਪਤੇ ਓਪਰ ਜਾ ਸਕਦੇ ਹੋ: http://www.psst-bc.ca/online-safety ਇਹ ਸਾਈਟ ਸਕੂਲ ਦੇ ਸੁਰਖਿਆਂ ਵਿਭਾਗ ਵਲੋਂ ਨਿਯੁਕਤ ਕੀਤੀ ਗਈ ਹੈ ।